Maharaja Ranjit Singh Punjab Technical University
Dabwali Road, Bathinda -151001
(Estb. by Govt. of Punjab vide Act No. 5 [2015] and u/s 2(f) and 12 B of UGC Act, 1956)
ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਡੱਬਵਾਲੀ ਰੋਡ, ਬਠਿੰਡਾ।

Ref No : 901 Dated 16/03/2020

**ਈ-ਮੇਲ ਰਾਹੀਂ**

ਡਾਇਰੈਕਟਰ/ਪ੍ਰਿੰਸੀਪਲ
ਸਮੂਹ ਮਾਨਤਾ ਪ੍ਰਾਪਤ ਕਾਲਜ,
ਮ.ਰ.ਸ.ਪ.ਤ.ਯੂ, ਬਠਿੰਡਾ

**ਵਿਸ਼ਾ : ਕਰੋਨਾ ਵਾਇਰਸ ਦੀ ਮਹਾਮਾਰੀ ਦੇ ਮੱਦੇਨਜ਼ਰ ਯੂਨੀਵਰਸਿਟੀ ਦੇ ਮਾਨਤਾ ਪ੍ਰਾਪਤ ਕਾਲਜ ਮਿਤੀ 31/3/2020 ਤੱਕ ਬੰਦ ਕਰਨ ਸੰਬੰਧੀ**

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਡਾਇਰੈਕਟਰ , ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ , ਪੰਜਾਬ ਜੀ ਦੇ ਮੀਮੋ ਨੰਬਰ ਆਈਟੀ/ਐਚਕਿਉਂ/1020-24 ਮਿਤੀ 14/3/2020 (ਕਾਪੀ ਨੱਥੀ) ਅਤੇ ਮਾਨਯੋਗ ਵਾਇਸ-ਚਾਂਸਲਰ ਜੀ ਦੀ ਪ੍ਰਵਾਨਗੀ ਅਨੁਸਾਰ ਮ.ਰ.ਸ.ਪ.ਤ.ਯੂ. ਬਠਿੰਡਾ ਨਾਲ ਮਾਨਤਾ ਪ੍ਰਾਪਤ ਕਾਲਜ ਮਿਤੀ 31/3/2020 ਤੱਕ ਬੰਦ ਰਹਿਣਗੇ |

ਵਿਦਿਆਰਥੀਆਂ ਦੇ ਹਿਤਾਂ ਨੂੰ ਮੁੱਖ ਰੱਖਦੇ ਹੋਏ, ਅਤਿ ਜਰੂਰੀ ਸੇਵਾਵਾਂ ਅਤੇ ਪਹਿਲਾਂ ਮਿੱਥੇ ਜਰੂਰੀ ਕੰਮ ਕੀਤੇ ਜਾ ਸਕਦੇ ਹਨ| ਸਮੂਹ ਅਧਿਕਾਰੀ ਅਤੇ ਕਰਮਚਾਰੀ ਆਪਣੇ ਪੋਸਟਿੰਗ ਵਾਲੇ ਸਟੇਸ਼ਨ ਤੇ ਉਪਲੱਬਧ ਰਹਿਣਗੇ |

ਮ.ਰ.ਸ.ਪ.ਤ.ਯੂ. ਬਠਿੰਡਾ ਨਾਲ ਮਾਨਤਾ ਪ੍ਰਾਪਤ ਕਾਲਜਾਂ ਦੇ ਸਮੂਹ ਪ੍ਰਿੰਸੀਪਲ/ਡਾਇਰੈਕਟਰ ਨੂੰ ਲਿਖਿਆ ਜਾਂਦਾ ਹੈ ਕਿ ਡਾਇਰੈਕਟਰ , ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਦੇ ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ |

ਡਾਇਰੈਕਟਰ
ਕਾਲਜ ਡਿਵੈਲਪਮੈਂਟ ਕੌਂਸਲ

ਉਕਤ ਦਾ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :

1. ਪੀ.ਏ ਟੂ ਵਾਇਸ-ਚਾਂਸਲਰ, ਮ.ਰ.ਸ.ਪ.ਤ.ਯੂ. ਬਠਿੰਡਾ
2. ਪੀ.ਏ ਟੂ ਰਜਿਸਟਰਾਰ , ਮ.ਰ.ਸ.ਪ.ਤ.ਯੂ. ਬਠਿੰਡਾ
3. ਡਾਇਰੈਕਟਰ - ਆਈ-ਟੀ ਐਨੇਬਲਡ ਸਰਵਿਸਜ਼, ਮ.ਰ.ਸ.ਪ.ਤ.ਯੂ. ਬਠਿੰਡਾ

ਵੱਲੋ,

ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਸੇਵਾ ਵਿਖੇ,

1. ਰਜਿਸਟਰਾਰ, ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ,
2. ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ, ਬਠਿੰਡਾ, ।
3. ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ ਸਰਕਾਰੀ/ ਗੈਰ ਸਰਕਾਰੀ ਇੰਜਨੀਅਰਿੰਗ ਕਾਲਜ।
4. ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ ਸਰਕਾਰੀ/ ਗੈਰ ਸਰਕਾਰੀ ਬਹੁ-ਤਕਨੀਕੀ ਕਾਲਜ।
5. ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ/ਮੁੱਖੀ ਸਮੂਹ ਸਰਕਾਰੀ/ ਗੈਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ।

ਮੀਮੋ ਨੰ: ਆਈਟੀ/ਐਚਕਿਊ/1020-24
ਮਿਤੀ: ਚੰਡੀਗੜ੍ਹ 14/03/2020

ਵਿਸ਼ਾ: ਕਰੋਨਾ ਵਾਇਰਸ ਦੀ ਮਹਾਂਮਾਰੀ ਦੇ ਮੱਦੇਨਜ਼ਰ ਮਿਤੀ 31/03/2020 ਤੱਕ ਤਕਨੀਕੀ ਸੰਸਥਾਵਾਂ ਬੰਦ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਜੀ ਵੱਲੋ ਆਦੇਸ਼ ਦਿੱਤੇ ਗਏ ਹਨ ਕਿ ਕਰੋਨਾ ਵਾਇਰਸ ਦੀ ਮਹਾਂਮਾਰੀ ਨਾ ਫੈਲੇ ਇਸ ਲਈ ਇਤਹਾਤੀ ਤੌਰ ਤੇ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ, ਬਠਿੰਡਾ, ਪੰਜਾਬ ਰਾਜ ਦੇ ਸਮੂਹ ਸਰਕਾਰੀ/ ਗੈਰ ਸਰਕਾਰੀ ਇੰਜਨੀਅਰਿੰਗ ਕਾਲਜਾਂ, ਪੰਜਾਬ ਰਾਜ ਦੀਆ ਸਮੂਹ ਸਰਕਾਰੀ/ ਗੈਰ ਸਰਕਾਰੀ ਬਹੁ-ਤਕਨੀਕੀ ਕਾਲਜ ਅਤੇ ਸਮੂਹ ਸਰਕਾਰੀ/ ਗੈਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਮਿਤੀ 31/03/2020 ਤੱਕ ਬੰਦ ਕੀਤੀਆ ਜਾਦੀਆ ਹਨ ਅਤੇ ਕਿਸੇ ਵੀ ਤਰ੍ਹਾਂ ਦੇ ਪ੍ਰੋਗਰਾਮ/ ਸੈਮੀਨਾਰ/ ਮੀਟਿੰਗਾਂ/ ਖੇਡਾਂ ਸਮਾਗਮ ਆਦਿ ਵੀ ਮੁਲਤਵੀ ਕੀਤੀਆਂ ਜਾਣ। ਇਸ ਦੌਰਾਨ ਕੋਈ  ਵੀ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਸੰਸਥਾਵਾਂ ਵਿੱਚ ਹਾਜ਼ਰ ਨਹੀ ਹੋਵੇਗਾ, ਪ੍ਰੰਤੂ ਆਪਣੇ ਪੋਸਟਿੰਗ ਵਾਲੇ ਸਟੇਸ਼ਨ ਤੇ ਉਪਲਬੱਧ ਰਹੇਗਾ ਤਾਂ ਜੋ ਲੋੜ ਪੈਣ ਤੇ ਉਨ੍ਹਾ ਨੂੰ ਬੁਲਾਇਆ ਜਾ ਸਕੇ।

ਇਸ ਲਈ ਆਪ ਨੂੰ ਲਿਖਿਆ ਜਾਦਾ ਹੈ ਕਿ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਜੀ ਦੇ ਉਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸੰਯੁਕਤ ਡਾਇਰੈਕਟਰ (ਉ:ਸਿ:)
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

Scanned with CamScanner